# ਮਈ 2020 ਵਿੱਚ ਐਬਟਸਫੋਰਡ ਸਿਟੀ ਵਿੱਚ ਕੀ ਹੈ ਨਵਾਂ?

ABBOTSFORD

## ਕੋਵਿਡ-19 ਵਾਇਰਸ ਦੀ ਅਪਡੇਟ

ਬੀ.ਸੀ. ਨੂੰ ਮੁੜ ਖੋਲ੍ਹਣ ਲਈ ਸਬੰਧਤ ਸੁਰੱਖਿਅਤ ਹਦਾਇਤਾਂ ਹਨ ਬੀ.ਸੀ. ਦੀ ਮੁੱਖ ਯੋਜਨਾ। ਐਬਟਸਫੋਰਡ ਸਿਟੀ ਆਉਣ ਵਾਲ਼ੇ ਹਫਤਿਆਂ ਵਿੱਚ ਡਲਿਵਰੀ ਸੇਵਾਵਾਂ ਅਤੇ ਆਮ ਜਨ-ਜੀਵਨ ਨੂੰ ਮੁੜ ਤੋਂ ਚਾਲੂ ਕਰਨ ਵਾਸਤੇ ਸਹਿਯੋਗੀ ਅਤੇ ਹਿੰਮਤੀ ਪੁਲਾਂਘਾ ਦੀ ਉਮੀਦ ਰੱਖਦਾ ਹੈ ਤਾਂ ਕਿ ਆਉਣ ਵਦਲ਼ੇ ਹਫਤਿਆਂ ਵਿੱਚ ਅਸੀਂ ਸਭ ਡਲਿਵਰੀ ਸੇਵਾਵਾਂ ਨੂੰ ਸੂਬੇ ਦੇ ਸੁਪਨਿਆਂ ਅਨੁਸਾਰ ਪੂਰੀਆਂ ਕਰ ਸਕੀਏ ਅਤੇ ਹਰ ਬੀ.ਸੀ. ਦੇ ਵਸਿੰਦੇ ਦੀਆਂ ਉਮੀਦਾਂ ਦੀ ਪੂਰਤੀ ਕਰ ਸਕੀਏ।

ਤੁਹਾਡੀ ਸਹਿਣਸ਼ੀਲਤਾ ਤੇ ਉੱਦਮ ਸਦਕਾ ਅਸੀਂ ਟੀਚਾ ਮਿਥਦੇ ਹਾਂ ਕਿ ਅਸੀਂ ਸਭ ਦੀ ਤੰਦਰੁਸਤੀ ਅਤੇ ਸੁਰੱਖਿਆ ਨੂੰ ਮੱਦੇ-ਨਜ਼ਰ ਰੱਖਦਿਆਂ ਕੋਵਿਡ-19 ਨੂੰ ਕਾਬੂ ਰੱਖਣ ਲਈ ਵੀ ਚੌਕਸ ਰਹਾਂ ਗੇ।

## ਮੌਜੂਦਾ ਅਪਡੇਟ

ਤਾਜ਼ਾ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਲਈ ਜਾ ਸਕਦੀ ਹੈ abbotsford.ca/covid19updates. ਬਹੁਤੀਆਂ ਸਿਟੀ ਸੇਵਾਵਾਂ ਦੀ ਜਾਣਕਾਰੀ ਔਨਲਾਈਨ ਵੀ ਮਿਲ ਸਕਦੀ ਹੈ।

ਟੈਕਸ ਪੇਮਿੰਟਸ ਦੀ ਜਾਣਕਾਰੀ ਵੀ ਉਪਲਭਦ ਹੈ। ਜੇ ਹੋਰ ਵੀ ਪੁੱਛ ਪੜਤਾਲ ਦੀ ਲੋੜ ਹੋਵੇ ਤਾਂ ਸਿਟੀ ਹਾਲ ਨਾਲ਼ ਰਾਬਤਾ ਬਣਾਵੋ ਜੋ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸੁਵੇਰ 8:30 ਤੋਂ ਸ਼ਾਮ 4:30 ਵਜੇ ਤੱਕ ਖੁਲ੍ਹੇਗਾ- ਫੋਨ: 604-853-2281

## 2020 ਲਈ ਪ੍ਰਾਪਰਟੀ ਟੈਕਸਾਂ ਦੀ ਪੇਮੈਂਟਸ ਲਈ ਸੁਵਿਧਾਵਾਂ:

ਪ੍ਰਾਪਰਟੀ ਟੈਕਸਾਂ ਦੇ ਨੋਟਿਸ ਮਈ 25 ਨੂੰ ਚਿੱਠੀਆਂ ਰਾਹੀਂ ਭੇਜ ਦਿੱਤੇ ਗਏ ਹਨ ਜਿਨ੍ਹਾਂ ਦੀ ਅਦਾਇਗੀ 2 ਜੁਲਾਈ 2020 ਤੱਕ ਕੀਤੀ ਜਾ ਸਕਦੀ ਹੈ।

- **ਔਨਲਾਈਨ ਪੇਮਿੰਟ:** ਪ੍ਰਾਪਰਟੀ ਟੈਕਸ ਤਾਰਨ ਦਾ ਇਹ ਸਭ ਤੋਂ ਸੌਖਾ ਢੰਗ ਹੈ। ਤੁਸੀਂ ਆਪਣੇ ਔਨਲਾਈਨ ਬੈਂਕਿੰਗ ਸਿਸਟਮ ਨਾਲ਼ ਸਿਟੀ ਦਾ ਹਰ ਇੱਕ ਬਿੱਲ ਤਾਰ ਸਕਦੇ ਹੋ।
- **ਚੈੱਕ ਰਾਹੀਂ ਪੇਮੈਂਟਸ:** ਕਨੇਡਾ ਪੋਸਟ ਮਾਰਕਸ ਸਬੰਧਤ ਸਮੇਂ ਤੇ ਨਹੀਂ ਲਏ ਜਾਂਦੇ ਸੋ ਕਿਰਪਾ ਕਰਕੇ ਆਪਣੇ ਮੇਲ ਕੀਤੇ ਚੈੱਕਾਂ ਨੂੰ ਪਹੁੰਚਾਣ ਵਾਸਤੇ ਡਲਿਵਰੀ ਲਈ ਸਮਾਂ ਦਿਓ।
- **ਡਰੌਪ ਬੌਕਸ:** ਸਿਟੀ ਹਾਲ ਵਿੱਚ ਡਰੌਪ ਬੌਕਸ ਉਪਲਭਦ ਹਨ ਜੋ ਹਰ ਰੋਜ਼ ਖਾਲੀ ਕੀਤੇ ਜਾਂਦੇ ਹਨ। ਤੁਸੀਂ ਇਨ੍ਹਾਂ ਵਿੱਚ ਸਿਰਫ ਚੈੱਕ ਪਾ ਸਕਦੇ ਹੋ, ਕੈਸ਼ ਬਿਲਕੁਲ ਨਹੀਂ। ਡਰੌਪ ਬੌਕਸ ਦੋਹਾਂ ਹੀ ਰਸਤਿਆਂ ਤੇ ਰੱਖ ਦਿੱਤੇ ਹਨ। ਜਸਟਿਸ ਵੇ ਅਤੇ ਸਾਊਥ ਫਰੇਜ਼ਰ ਵੇ ਦੀ ਐਂਟਰੀ ਤੇ ਰੱਖੇ ਹਨ। ਡਰੌਪ ਬੌਕਸਸ ਵਰਤਣ ਲਈ ਆਪ ਜੀ ਨੂੰ ਲਾਈਨ ਵਿੱਚ ਨਹੀਂ ਲੱਗਣਾ ਪਵੇਗਾ।
- **ਕਰੈਡਿਟ ਕਾਰਡ ਰਾਹੀਂ ਅਦਾਇਗੀ:** ਸਿਰਫ ਔਨਲਾਈਨ ਪੇਮੈਂਟ ਕਰਨ ਵਾਸਤੇ ਕਰੈਡਿਟ ਕਾਰਡ ਮਨਜ਼ੂਰ ਹਨ। ਸਿਟੀ ਹਾਲ ਵਿੱਚ ਤੁਸੀਂ ਆਪ ਖੁਦ ਜਾ ਕੇ ਕਰੈਡਿਟ ਕਾਰਡ ਨਾਲ਼ ਪੇਮੈਂਟ ਨਹੀਂ ਕਰ ਸਕਦੇ, ਸਿਰਫ ਔਨਲਾਈਨ ਹੀ ਵਿਜ਼ਿਟ ਕਰ ਸਕਦੇ ਹੋ। abbotsford.ca/creditcard
- **ਘਰਾਂ ਦੇ ਮਾਲਕਾਂ ਲਈ ਗਰਾਂਟਾਂ:** ਤੁਸੀਂ ਆਪਣੇ ਘਰ ਦੀ ਮਲਕੀਅਤੀ ਗਰਾਂਟ ਔਨਲਾਈਨ ਲੈ ਸਕਦੇ ਹੋ। abbotsford.ca/hog ਜਾਂ ਤੁਸੀਂ ਟੈਕਸ ਨੋਟਿਸ ਦੇ ਉੱਪਰਲੇ ਭਾਗ ਨੂੰ ਭਰ ਕੇ ਟੈਕਸ ਨੋਟਿਸ ਡਾਕ ਰਾਹੀਂ ਭੇਜ ਸਕਦੇ ਹੋ ਜਾਂ ਸਿਟੀ ਹਾਲ ਦੇ ਡਰੌਪ ਬੌਕਸ ਵਿੱਚ ਪਾ ਸਕਦੇ ਹੋ। ਡਰੌਪ ਬੌਕਸ ਹਰ ਰੋਜ਼ ਖਾਲੀ ਕੀਤੇ ਜਾਂਦੇ ਹਨ। ਇਸ ਗੱਲ ਦਾ ਵੀ ਖਿਆਲ ਰੱਖਿਓ ਕਿ ਫਾਇਨਾਨਸ਼ੀਅਲ ਅਦਾਰੇ ਘਰਾਂ ਦੇ ਮਾਲਕਾਂ ਵਾਲੀਆਂ ਗਰਾਂਟਾਂ ਨਹੀਂ ਪ੍ਰਾਪਤ ਕਰ ਸਕਦੇ।
- **ਖੁਦ ਹਾਜ਼ਰ ਹੋ ਕੇ ਪੇਮੈਂਟ ਕਰਨੀ:** ਪਹਿਲੀ ਜੂਨ ਤੋਂ ਸਿਟੀ ਹਾਲ ਸਿਰਫ ਪ੍ਰਾਪਰਟੀ ਟੈਕਸਾਂ ਦੀਆਂ ਪੇਮੈਂਟਾਂ ਲੈਣੀਆਂ ਸ਼ੁਰੂ ਕਰੇਗਾ। ਕੈਸ਼ ਲੈਣ ਵਾਲ਼ੇ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸੁਵੇਰੇ 8:30 ਤੋਂ ਸ਼ਾਮ 4:30 ਤੱਕ ਹਾਜ਼ਰ ਹੋਇਆ ਕਰਨ ਗੇ। ਫਿਜ਼ੀਕਲ ਦੂਰੀ ਦਾ ਖਾਸ ਧਿਆਨ ਰੱਖਿਆਂ ਜਾਵੇ ਗਾ ਅਤੇ ਨਜ਼ਦੀਕੀ ਮਿਲਣੀ ਤੋਂ ਸੰਕੋਚ ਕੀਤਾ ਜਾਵੇ ਗਾ। ਸਾਨੂੰ ਪਤਾ ਹੈ ਕਿ ਆਪ ਹਾਜ਼ਰ ਹੋ ਕੇ ਪੇਮੈਂਟਾਂ ਕਰਨ ਵਿੱਚ ਸਮਾਂ ਵੱਧ ਲੱਗੇਗਾ। ਸੋ ਜੇ ਆਪ ਕੋਲ਼ ਸਮੇਂ ਦੀ ਘਾਟ ਹੈ ਤਾਂ ਔਨਲਾਈਨ ਪੇਮੈਂਟ ਕਰਨ ਨੂੰ ਪਹਿਲ ਦੇਵੋ। ਕਿਰਪਾ ਕਰਕੇ ਧਿਆਨ ਨਾਲ਼ ਜਾਣੂ ਹੋਵੋ ਕਿ ਇਸ ਸਮੇਂ ਵਿੱਚ ਸਿਰਫ ਤੇ ਸਿਰਫ ਪ੍ਰਾਪਰਟੀ ਟੈਕਸ ਸੇਵਾਵਾਂ ਹੀ ਲਈਆਂ ਜਾ ਸਕਣਗੀਆਂ ਬਾਕੀ ਸਾਰੀਆਂ ਹੀ ਸਿਟੀ ਸੇਵਾਵਾਂ abbotsford.ca ਤੇ ਔਨਲਾਈਨ ਹੀ ਕਰੋ ਜੀ।

## ਸਿਟੀ ਕੌਂਸਿਲ ਬਾਰੇ ਹੋਰ ਜਾਣਕਾਰੀਆਂ



- **ਪਬਲਿਕ ਹੀਰਿੰਗ ਵਾਸਤੇ ਤਬਦੀਲੀਆਂ**

ਪਬਲਿਕ ਹੀਰਿੰਗਸ ਨਵੇਂ ਵਿਧੀ ਵਿਧਾਨ ਅਨੁਸਾਰ ਫਿਜ਼ੀਕਲ ਦੂਰੀ ਦਾ ਧਿਆਨ ਕਰਦਿਆਂ ਸ਼ੁਰੂ ਹੋ ਜਾਣ੍ਹਗੀਆਂ ਅਤੇ ਹਰ ਰੋਜ਼ ਵੱਧ ਤੋਂ ਵੱਧ 50 ਬੰਦਿਆਂ ਦੇ ਕਾਰਜ ਹੀ ਨਜਿੱਠੇ ਜਾਣ੍ਹਗੇ। ਤੁਸੀਂ ਆਪਣੇ ਵਿਚਾਰ ਫੀਡਬੈਕ ਰਾਹੀਂ ਭੇਜ ਸਕਦੇ ਹੋ cityclerk@abbotsford.ca ਜਾਂ ਸਿਟੀ ਹਾਲ ਨੂੰ ਚਿੱਠੀ ਰਾਹੀਂ ਵੀ ਭੇਜ ਸਕਦੇ ਹੋ।

- **ਸਿਟੀ ਕੌਂਸਿਲ ਬਰਾਡਕਾਸਟ**

ਸਿਟੀ ਹਾਲ ਦੇ ਅਜੰਡੇ ਅਤੇ ਮੀਟਿੰਗਾਂ ਦੇ ਵੇਰਵੇ abbotsford.ca/councilagendas ਤੇ ਉਪਲਭਦ ਹਨ। ਅਸੀਂ ਪਬਲਿਕ ਨੂੰ ਕਾਉਂਸਿਲ ਮੀਟਿੰਗਾਂ ਔਨਲਾਈਨ ਦੇਖਣ ਲਈ ਉਤਸ਼ਾਹਿਤ ਕਰਦੇ ਹਾਂ abbotsford.ca/watchcouncilonline.

- **ਕਾਉਂਸਿਲ ਮੀਟਿੰਗਾਂ ਦਾ ਵੇਰਵਾ**

| | |
|---|---|
| ਜੂਨ 1- | ਸ਼ਾਮ 3:00 ਵਜੇ ਐਗਜ਼ੈਕਟਿਵ ਕਮੇਟੀ |
| | ਸ਼ਾਮ 7:00 ਵਜੇ ਪਬਲਿਕ ਹੀਅਰਿੰਗ/ ਰੈਗੂਲਰ ਕਾਉਂਸਿਲ |
| ਜੂਨ 8- | ਕੋਈ ਮੀਟਿੰਗ ਨਹੀਂ |
| ਜੂਨ 15- | ਸ਼ਾਮ 3:00 ਵਜੇ ਐਗਜ਼ੈਕਟਿਵ ਕਮੇਟੀ |
| | ਸ਼ਾਮ 7:00 ਵਜੇ ਪਬਲਿਕ ਹੀਅਰਿੰਗ/ ਰੈਗੂਲਰ ਕਾਉਂਸਿਲ |
| ਜੂਨ 22- | ਦੁਪਹਿਰ 1:00 ਵਜੇ ਸਮੂਹ ਕਮੇਟੀ ਕਮਰਾ ਨੰ: 530 |

ਫਿਜ਼ੀਕਲ ਦੂਰੀ ਦੇ ਕਾਨੂੰਨਾਂ ਨੂੰ ਨੇਪਰੇ ਚਾੜ੍ਹਨ ਲਈ ਸਭ ਨੂੰ ਸੁਚੇਤ ਕੀਤਾ ਜਾਵੇ। ਸਿਟੀ ਵੱਲੋਂ ਸਮੂਹ ਦੇਸ਼ਵਾਸੀਆਂ ਅਤੇ ਵਪਾਰਕ ਅਦਾਰਿਆਂ ਦੇ ਮਾਲਕਾਂ ਨੂੰ ਬੇਨਤੀਆਂ ਹਨ ਕਿ ਦੋ ਮੀਟਰ ਦੀ ਸਰੀਰਕ ਦੂਰੀ ਦਾ ਪੂਰਾ ਧਿਆਨ ਧਰਦਿਆਂ ਕ੍ਰਿਪਾ ਕਰਕੇ ਆਪਣੇ ਸ਼ਹਿਰ ਨੂੰ ਤੰਦਰੁਸਤ ਰੱਖਣ ਲਈ ਸਾਡਾ ਸਾਥ ਦਿਓ।

ਦੋ ਮੀਟਰ ਦੀ ਦੂਰੀ ਰੱਖਣ ਦਾ ਸਦਾ ਧਿਆਨ ਰੱਖੋ ਜੀ।
at least 2 metres(6 feet)

ABBOTSFORD.CA  /CityofAbbotsford  @City_Abbotsford  @CityofAbbotsfordEvents